ਡਾਇਰੈਕਟਰ ਜਨਰਲ ਸਕੂਲ ਸਿਖਿਆ
ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ
ਐਸ ਸੀ ਓ-162-164, ਸੈਕਟਰ- 34 ਏ, ਚੰਡੀਗੜ੍ਹ
ਫੋਨ / ਫੈਕਸ ਨੰ: 5043244

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ ।

ਸਮੂਹ ਸਕੂਲ ਮੁੱਖੀ, (ਵੈਬ ਸਾਇਟ ਰਾਹੀਂ)
ਪੰਜਾਬ ।

ਮੀਮੋ ਨੰ : 3/5-ICT/2011/MISC/MM/4605 - 4626
ਮਿਤੀ : 6 ਅਗਸਤ, 2012

ਵਿਸ਼ਾ : ਆਈ ਸੀ ਟੀ ਪ੍ਰੋਜੈਕਟ ਅਧੀਨ ਸਕੂਲਾਂ ਵਿਚ ਲਗਾਏ ਹਾਰਡਵੇਅਰ ਦੇ ਖਰਾਬ ਹੋਣ ਦੀ ਹਾਲਤ ਵਿਚ ਕੰਪਿਊਟਰ ਅਧਿਆਪਕਾਂ ਵਲੋਂ ਸ਼ਿਕਾਇਤ ਦਰਜ ਨਾ ਕਰਵਾਉਣ ਸਬੰਧੀ ।

1. ਹਵਾਲਾ ਪੱਤਰ ਨੰ 3/5-ICT/2011/MISC/MM/1684, ਮਿਤੀ. 30-03-2012 ।

2. ਉਪਰੋਕਤ ਪੱਤਰ (ਇਸ ਪੱਤਰ ਨਾਲ ਨੱਥੀ ਹੈ ਜੀ) ਵਿੱਚ ਇਸ ਦਫਤਰ ਵੱਲੋਂ ਕੰਪਿਊਟਰ ਲੈਬ ਵਿਚ ਉਪਲੱਬਧ ਹਾਰਡਵੇਅਰ ਦੇ ਖਰਾਬ ਹੋਣ ਦੀ ਸੂਰਤ ਵਿਚ ਵੈਂਡਰ ਨੂੰ ਸ਼ਕਾਇਤ ਦਰਜ ਕਰਵਾਉਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ।

3. ਪਰ ਵੱਖ-ਵੱਖ ਟੀਮਾਂ ਵੱਲੋਂ ਸਕੂਲਾਂ ਦੀ ਚੈਕਿੰਗ ਦੌਰਾਨ, ਸਾਹਮਣੇ ਆਇਆ ਹੈ ਕਿ ਕੰਪਿਊਟਰ ਅਧਿਆਪਕਾਂ ਵੱਲੋਂ ਪਹਿਲਾ ਦਿੱਤੀਆਂ ਹਦਾਇਤਾ ਦੀ ਪਾਲਣਾ ਨਹੀਂ ਕੀਤੀ ਜਾ ਰਹੀ । ਕੰਪਿਊਟਰ ਅਧਿਆਪਕ ਲੈਬ ਵਿਚ ਖਰਾਬ ਹਾਰਡਵੇਅਰ ਦੀ ਸ਼ਿਕਾਇਤ ਜਾਂ ਤਾ ਦਰਜ ਹੀ ਨਹੀਂ ਕਰਵਾਉਂਦੇ ਜਾਂ ਫਿਰ ਕਾਫੀ ਸਮਾਂ ਬੀਤਣ ਤੋਂ ਬਾਅਦ ਕਰਵਾਉਂਦੇ ਹਨ । ਇਸ ਲਈ ਬਿਨਾਂ ਸ਼ਿਕਾਇਤ ਦਰਜ ਕੀਤੇ ਵੈਂਡਰ ਵੱਲੋਂ ਖਰਾਬ ਹਾਰਡਵੇਅਰ ਨੂੰ ਰਿਪੇਅਰ ਕਰਨਾ ਸੰਭਵ ਨਹੀਂ ਹੈ, ਜਿਸ ਇਹ ਸਮਾਨ ਖਰਾਬ ਹਾਲਤ ਵਿਚ ਕਾਫ਼ੀ ਸਮਾਂ ਪਿਆ ਰਹਿੰਦਾ ਹੈ ।

4. ਪੰਜਾਬ ਰਾਜ ਦੇ ਸਮੂਹ ਕੰਪਿਊਟਰ ਅਧਿਆਪਕਾਂ ਨੂੰ ਸਖ਼ਤ ਹਦਾਇਤ ਦਿੱਤੀ ਜਾਂਦੀ ਹੈ ਕਿ ਹਾਰਡਵੇਅਰ ਖਰਾਬ ਹੋਣ ਤੇ ਤੁਰੰਤ ਵੈਂਡਰ ਵੱਲੋਂ ਦਿਤੇ ਗਏ ਨੰਬਰਾਂ ਤੇ ਸ਼ਿਕਾਇਤ ਦਰਜ ਕਰਵਾਈ ਜਾਵੇ ਅਤੇ ਸ਼ਿਕਾਇਤ ਦਰਜ ਹੋਣ ਦੀ ਮਿਤੀ, ਸਮਾਂ ਅਤੇ ਟਿਕਟ ਨੰਬਰ ਰਜਿਸਟਰ ਵਿਚ ਦਰਜ ਕਰਕੇ ਦਸਤਖ਼ਤ ਕਰਨਗੇ ।

5. ਸਮੂਹ ਕੰਪਿਊਟਰ ਅਧਿਆਪਕਾਂ ਨੂੰ ਇਹ ਸਪੱਸ਼ਟ ਦੱਸਿਆ ਜਾਂਦਾ ਹੈ ਕਿ ਜੇਕਰ ਅੱਗੇ ਤੋਂ ਸ਼ਿਕਾਇਤ ਦਰਜ ਕਰਵਾਉਣ ਵਿਚ ਲਾਪਰਵਾਹੀ ਵਰਤੀ ਗਈ ਤਾਂ ਉਸ ਅਧਿਆਪਕ ਖਿਲਾਫ਼ ਸਖ਼ਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ ।

6. ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

(52)

# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ
# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

**ਐਸ.ਸੀ ਓ ਨੰ.162-164, ਤੀਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ**

ਵੱਲ

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਸਕੂਲ਼ ਮੁੱਖੀ (ਵੈਬ ਸਾਇਟ ਰਾਹੀ)

ਪੱਤਰ ਨੰ. 3/5-ICT/2011/Misc/MM/1684
ਮਿਤੀ: 30.03.12

**ਵਿਸ਼ਾਂ: ਆਈ. ਸੀ .ਟੀ ਪ੍ਰੋਜੈਕਟ ਹੇਠ ਸਕੂਲਾਂ ਵਿੱਚ ਲਗਾਏ ਹਾਰਡਵੇਅਰ ਦੀ ਮੇਂਟੇਨੈਂਸ ਨੂੰ ਕਾਰਗਰ ਬਣਾਉਣ ਬਾਰੇ।**

1 ਇਹ ਵੇਖਿਆ ਗਿਆ ਹੈ ਕਿ M/s HCL ਅਤੇ M/s GCL ਵੱਲੋਂ ਹਾਰਡਵੇਅਰ ਦੀ ਮੇਂਟੇਨੈਂਸ ਵੱਲ ਲੋੜੀਦਾ ਧਿਆਨ ਨਹੀ ਦਿੱਤਾ ਜਾ ਰਿਹਾ ਹੈ ਅਤੇ ਨਤੀਜੇ ਵੱਜੋਂ ਹਾਰਡਵੇਅਰ ਦਿਨਾਂ ਬੱਧੀ ਖਰਾਬ ਪਿਆ ਰਹਿੰਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਕੰਪਨੀਆਂ ਦੇ ਇੰਜੀਨੀਅਰ ਹਾਰਡਵੇਅਰ ਦਾ ਸਮਾਨ ਠੀਕ ਕਰਨ ਦੇ ਬਹਾਨੇ ਕੱਢ ਕੇ ਲੈ ਜਾਦੇ ਹਨ ਅਤੇ ਲੰਬੇ ਸਮੇ ਤੱਕ ਵਾਪਿਸ ਨਹੀ ਲਗਾਉਦੇ। ਇਸ ਸਥਿਤੀ ਨਾਲ ਨਿਪਟਣ ਲਈ ਸਕੂਲ਼ ਮੁੱਖੀ, ਕੰਪਿਊਟਰ, ਜਿਲ੍ਹਾਂ ਆਈ. ਸੀ. ਟੀ ਕੁਆਡੀਨੇਟਰਾਂ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਦੀ ਮੁੱਖ ਭੂਮਿਕਾ ਹੈ ਅਤੇ ਉਨ੍ਹਾਂ ਨੂੰ ਇਸ ਬਾਰੇ ਹੋਰ ਜਿਆਦਾ ਧਿਆਨ ਦੇਣ ਦੀ ਜਰੂਰਤ ਹੈ। ਖਾਸ ਤੌਰ ਤੇ ਇਹ ਵੇਖਿਆ ਗਿਆ ਹੈ ਕਿ ਕੰਪਿਊਟਰ ਅਧਿਆਪਕ ਖਰਾਬ ਹਾਰਡਵੇਅਰ ਦੀ ਸ਼ਕਾਇਤ ਜਾਂ ਤਾਂ ਦਰਜ ਹੀ ਨਹੀ ਕਰਵਾਉਦੇ, ਜੇ ਕਰਵਾਉਦੇ ਹਨ ਤਾਂ ਕਾਫੀ ਸਮਾਂ ਬੀਤਣ ਤੋਂ ਬਾਅਦ ਕਰਵਾਉਦੇ ਹਨ। ਇਸ ਤਰ੍ਹਾਂ ਹੀ ਜ਼ਿਲ੍ਹਾਂ ਆਈ ਸੀ ਟੀ ਕੁਆਡੀਨੇਟਰਾਂ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਨੂੰ ਹਦਾਇਤ ਹੈ ਕਿ ਉਹ ਹਰ ਹਫਤੇ ਵੈਂਡਰ ਨਾਲ ਮੀਟਿੰਗ ਕਰਕੇ ਖਰਾਬ ਹਾਰਡਵੇਅਰ ਦੀ ਰਿਪੇਅਰ ਦਾ ਜਾਇਜਾ ਲੈਣਗੇ, ਪਰ ਇਸ ਅਹਿਮ ਮੁੱਦੇ ਤੇ ਧਿਆਨ ਨਹੀਂ ਦਿੱਤਾ ਹਾ ਰਿਹਾ ਅਤੇ ਮੀਟਿੰਗਾਂ ਨਿਯਮਿਤ ਤੌਰ ਤੇ ਨਹੀਂ ਕੀਤੀਆਂ ਜਾਂਦੀਆਂ ਹਨ।

2 ਹਾਰਡਵੇਅਰ ਦੀ ਮੇਨਟੇਨੈੱਸ ਨੂੰ ਹੋਰ ਕਾਰਗਰ ਬਣਾਉਣ ਲਈ ਹੇਠ ਦਿੱਤੀਆਂ ਹਦਾਇਤਾਂ ਤੇ ਅਮਲ ਪੂਰੀ ਤਰ੍ਹਾਂ ਯਕੀਨੀ ਬਣਾਇਆ ਜਾਵੇਗਾ:-

(ੳ) ਸਕੂਲ ਮੁੱਖੀ ਇਹ ਯਕੀਨੀ ਬਣਾਉਣ ਕਿ ਹਾਰਡਵੇਅਰ ਖਰਾਬ ਹੋਣ ਦੀ ਸ਼ਿਕਾਇਤ ਸਬੰਧਤ ਵੈਂਡਰ ਨੂੰ ਤੁਰੰਤ ਦਰਜ ਕਰਵਾਈ ਜਾਂਦੀ ਹੈ ਅਤੇ ਸ਼ਿਕਾਇਤ ਦਰਜ ਕਰਵਾਉਣ ਦੀ ਮਿਤੀ, ਸਮਾਂ

ਅਤੇ ਟਿਕਟ ਨੰਬਰ ਸ਼ਿਕਾਇਤ ਰਜਿਸਟਰ ਵਿੱਚ ਦਰਜ ਕਰਕੇ ਦਸਤਖਤ ਕਰਨਗੇ। ਜੇਕਰ ਕਿਸੇ ਸਕੂਲ ਵਿੱਚ ਇਹ ਰਜਿਸਟਰ ਨਹੀਂ ਖੋਲਿਆ ਗਿਆ ਹੈ ਇਹ ਜਲਦ ਖੋਲਿਆ ਜਾਵੇਗਾ। ਸ਼ਿਕਾਇਤ ਠੀਕ ਹੋਣ ਤੇ ਠੀਕ ਹੋਣ ਦੀ ਮਿਤੀ, ਸਮਾਂ ਦਰਜ ਸ਼ਿਕਾਇਤ ਦੇ ਸਾਮ੍ਹਣੇ ਲਿਖਿਆ ਜਾਵੇਗਾ ਅਤੇ ਸਬੰਧਤ ਕੰਪਿਊਟਰ ਟੀਚਰ ਅਤੇ ਵੈਂਡਰ ਦੇ ਸਾਈਨ ਕਰਨਗੇ। ਨਾਲ ਹੀ ਵੈਂਡਰ ਦੇ ਇੰਜੀਨੀਅਰ ਦੀ ਜਿਲ੍ਹਾ ਆਈ.ਸੀ.ਟੀ. ਕੋਆਰਡੀਨੇਟਰ ਨਾਲ ਗੱਲ਼ ਕਰਵਾਈ ਜਾਵੇਗੀ ਕਿ ਸ਼ਿਕਾਇਤ ਠੀਕ ਹੋ ਗਈ ਹੈ । ਕੰਪਿਊਟਰ ਟੀਚਰ ਹਰ ਹਫਤੇ ਦਰਜ ਕਰਵਾਈਆਂ ਸ਼ਿਕਾਇਤਾਂ ਦਾ ਵੇਰਵਾ ਜ਼ਿਲਾ ਆਈ.ਸੀ.ਟੀ. ਕੋਆਰਡੀਨੇਟਰ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਨੂੰ ਹਰ ਮੰਗਲਵਾਰ ਨੂੰ ਈ-ਮੇਲ ਰਾਹੀਂ ਭੇਜੇਗਾ।

(ਅ) ਉਪੱਰ ਦੀ ਤਰਾਂ, ਜੇਕਰ ਵੈਂਡਰ ਦਾ ਇੰਜੀਨੀਅਰ ਹਾਰਡਵੇਅਰ ਦਾ ਕੋਈ ਪਾਰਟ ਰਿਪੇਅਰ ਲਈ ਕੱਢ ਕੇ ਲੈ ਜਾਣਾ ਚਾਹੁੰਦਾ ਹੈ ਤਾਂ ਇਸਦਾ ਵੇਰਵਾ (ਮਿਤੀ, ਸਮਾਂ, ਪਾਰਟ ਦੀ ਡਿਸਕਰਿਪਸ਼ਨ ਆਦਿ) ਰਜਿਸਟਰ ਵਿੱਚ ਦਰਜ ਕੀਤਾ ਜਾਵੇਗਾ। ਦੋਵੇਂ ਕੰਪਿਊਟਰ ਟੀਚਰ ਅਤੇ ਵੈਂਡਰ ਦਾ ਇੰਜੀਨੀਅਰ ਸਾਈਨ ਕਰਨਗੇ ਅਤੇ ਆਪਣਾ ਨਾਮ ਅਤੇ ਪਤਾ ਸਾਫ ਸਾਫ਼ ਲਿਖਣਗੇ। ਪਾਰਟ ਠੀਕ ਹੋਣ ਤੋ ਬਾਅਦ ਮਸ਼ੀਨ ਵਿੱਚ ਲਗਾਉਣ ਤੋਂ ਬਾਅਦ ਦੁਬਾਰਾ ਉਕਤ ਐਂਟਰੀ ਦੇ ਖਿਲਾਫ ਦਰਜ ਕੀਤਾ ਜਾਵੇਗਾ ਕਿ ਪਾਰਟ ਵਾਪਿਸ ਮਿਲ ਗਿਆ ਹੈ। ਅਗਰ ਕੋਈ ਪਾਰਟ ਦੋ ਹਫਤੇ ਤੋ ਜਿਆਦਾ ਸਮੇ ਲਈ ਰਿਪੇਅਰ ਕਰਕੇ ਵਾਪਿਸ ਨਹੀ ਲਗਾਇਆ ਜਾਦਾ ਤਾਂ ਇਸ ਦੀ ਰਿਪੋਟਰ ਜਿਲ੍ਹਾ ਆਈ ਸੀ ਟੀ ਕੁਆਡੀਨੇਟਰ ਅਤੇ ਪ੍ਰੋਜੈਕਟ ਕੁਆਡੀਨੇਟਰਾਂ ਨੂੰ ਭੇਜੀ ਜਾਵੇਗੀ ਜੋ ਸਾਰੀਆ ਰਿਪੋਟਰਾਂ ਦਾ ਸਕੰਲਨ ਕਰਕੇ ਇਸ ਦਫਤਰ ਨੂੰ ਭੇਜੇਗਾ। ਇਹ ਰਿਪੋਟਰ ਜਿਲ੍ਹਾ ਆਈ ਸੀ ਟੀ ਕੁਆਡੀਨੇਟਰ ਵੱਲੋ ਮਹੀਨਾਵਾਰ ਮੀਟਿੰਗ ਵਿੱਚ ਵੀ ਲਿਆਦੀ ਜਾਣਗੀਆ।

3 ਸਮੂਹ ਜਿਲ੍ਹਾ ਸਿੱਖਿਆ ਅਧਿਕਾਰੀ (ਸੈ) ਨੂੰ ਬੇਨਤੀ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

for

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**